بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.10.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਰ ਉਸ ਗੱਲ ਨੂ ਬੁਰਾ ਸਮਝੋ ਜਿਸ ਨੂੰ ਰੱਬ ਨੇ ਬੁਰਾ ਕਿਹਾ ਹੈ ਅਤੇ ਹਰ ਉਸ ਗੱਲ'ਤੇ ਅਮਲ ਕਰੋ ਜਿਸ ਗੱਲ ਦੇ ਕਰਨ ਦਾ ਰੱਬ ਨੇ ਆਦੇਸ਼ ਦਿੱਤਾ ਹੈ ਜੇਕਰ ਰੱਬ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ ਤਾਂ ਇਸ ਨੂੰ ਰੱਬ ਦੀ ਮਿਹਰ ਜਾਣੋ ।

ਸਾਰੇ ਅਹੁਦੇਦਾਰ ਵੀ ਅਤੇ ਸੇਵਾ ਕਰਨ ਵਾਲੇ ਵੀ ਆਪ ਕਰਤਵਾਂ ਨੂੰ ਸੰਜਮਤਾ ਉਪੱਰ ਚਲਦਿਆਂ ਹੋਇਆਂ ਨੇਪਰੇ ਚਾੜ੍ਹਨ ਦਾ ਜਤਨ ਕਰਨ ਅਤੇ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਅਤੇ ਸਾਰੇ ਸੁਨਣ ਵਾਲੇ ਵੀ ਆਪਣੇ ਜਾਇਜ਼ੇ ਲੈਂਣ ਕਿ ਕੀ ਅਸੀਂ ਜਲਸੇ ਵਿੱਚ ਜੋ ਸੁਣਿਆ ਹੈ ਉਸ ਨੂੰ ਹੁਣ ਤੱਕ ਅਪਣਾਇਆ ਹੋਇਆ ਹੈ ?

ਜੀਵਨ ਦਾ ਹਿੱਸਾ ਬਨਾਉਣ ਦਾ ਜਤਨ ਕਰ ਰਹੇ ਹਨ ?

ਅਤੇ ਇਹ ਵੀ ਜਾਇਜ਼ਾ ਲੈਂਣ ਕਿ ਕਿਵੇਂ ਅਸੀਂ ਨੇਕ ਗਲੱਾਂ ਨੂੰ ਹਮੇਸ਼ਾ ਅਪਣਾਈ ਰਖੱਣਾ ਹੈ ਅਤੇ ਇਸ ਬਾਰੇ ਜਤਨ ਕਰਨਾ ਹੈ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਅਕਤੂਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦੀ ਮਿਹਰ ਨਾਲ ਜਮਾਤ ਅਹਮਦੀਆ ਕੈਨੇਡਾ ਦਾ ਸਾਲਾਨਾ ਜਲਸਾ ਬੀਤੇ ਹਫ਼ਤੇ ਆਯੋਜਤ ਹੋਇਆ ਅਤੇ ਰੱਬ ਦੀ ਮਿਹਰਾਂ ਨੂੰ ਦਰਸ਼ਾਉਂਦਿਆਂ ਹੋਇਆਂ ਅੰਤ ਨੂੰ ਪੁਜੱਾ । ਇਸ ਗੱਲ ਲਈ ਅਸੀਂ ਰੱਬ ਦਾ ਜਿੰਨ੍ਹਾ ਵੀ ਸ਼ੁਕਰਾਨਾ ਕਰੀਏ ਘੱਟ ਹੈ । ਇਹ ਰੱਬ ਦੀ ਹੀ ਮਿਹਰ ਹੈ ਜੋ ਸਾਨੂੰ ਸੰਜੋਗ ਬਖ਼ਸ਼ਦਾ ਹੈ ਕਿ ਅਸੀਂ ਸੀਮਿਤ ਸਾਧਨ ਰਖੱਦਿਆਂ ਹੋਇਆਂ ਵੀ ਦੁਨੀਆ ਵਿੱਚ ਹਰ ਥਾਂ ਜਲਸੇ ਆਯੋਜਤ ਕਰਦੇ ਹਾਂ ਅਤੇ ਕੇਵਲ ਤੇ ਕੇਵਲ ਰੱਬ ਦੀ ਮਿਹਰ ਨਾਲ ਸਾਧਾਰਣ ਤੋਰ'ਤੇ ਪ੍ਰਬੰਧ ਵੀ ਚੰਗੇ ਹੁੰਦੇ ਹਨ ।

ਇਹਨਾਂ ਤਿੰਨਾ ਦਿਨਾਂ ਵਿੱਚ ਵਿਸ਼ੇਸ਼ ਤੋਰ'ਤੇ ਹਰ ਡਿਊਟੀ ਦੇਣ ਵਾਲੇ ਦੀ ਸੋਚ ਵਿੱਚੋਂ ਦੁਨੀਆਦਾਰੀ ਦੀ ਸੋਚ ਉਕੱਾ ਹੀ ਗ਼ਾਇਬ ਹੋ ਜਾਂਦੀ ਹੈ । ਕੇਵਲ ਜਲਸਾ ਤੇ ਨਿਰੋਲ ਹੋ ਕੇ ਕੰਮ ਕਰਨਾ ਸਾਰਿਆਂ ਵਰਕਰਾਂ ਦੀ ਸੋਚ ਹੁੰਦੀ ਹੈ ਜੋ ਆਪਣੇ ਆਪ ਨੂੰ ਪੇਸ਼ ਕਰਦੇ ਹਨ । ਰੱਬ ਹੀ ਹੈ ਜੋ ਇਹਨਾਂ ਸਾਰਿਆਂ ਕਾਰਕੁਨਾਂ (ਵਰਕਰਾਂ) ਦੇ ਦਿਲ ਵਿੱਚ ਇਹ ਜਜ਼ਬਾ ਪੈਦਾ ਕਰਦਾ ਹੈ ਕਿ ਤੁਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਲਈ ਹਰ ਸੋਚ ਤੋਂ

ਉਪੱਰ ਉਠੱਕੇ ਆਪਣੇ ਆਪ ਨੂੰ ਪੇਸ਼ ਕਰਨਾ ਹੈ ਅਤੇ ਕੰਮ ਕਰਨਾ ਹੈ ਅਤੇ ਕੇਵਲ ਤੇ ਕੇਵਲ ਰੱਬ ਦੀ ਰਜ਼ਾ ਅਤੇ ਹਜ਼ਰਤ ਮਸੀਹ ਮੌਊਦਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਨੂੰ ਸੰਮੁੱਖ ਰਖੱਣਾ ਹੈ ।

ਸੋ, ਸਾਨੂੰ ਸਭ ਤੋਂ ਪਹਿਲਾਂ ਰੱਬ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਸ ਨੇ ਜਮਾਤ ਨੂੰ ਸੇਵਾ ਕਰਨ ਵਾਲੇ ਅਜਿਹੇ ਕਾਰਕੁਨ ਉਪਲਭਦ ਕੀਤੇ ਹਨ ਜੋ ਚੰਗੇ ਪੜ੍ਹੇ ਲਿਖੇ ਹੁੰਦਿਆਂ ਹੋਇਆਂ ਵੀ ਨਿਰੋਲ ਹੋ ਕੇ ਸੇਵਾ ਕਰਦੇ ਹਨ । ਜੇਕਰ ਉਹਨਾਂ ਨੂੰ ਕਿਹਾ ਜਾਵੇ ਕਿ ਟਾਇਲਟਸ ਦੀ ਸਫ਼ਾਈ ਕਰੋ ਤਾਂ ਉਹ ਵੀ ਕਰਦੇ ਹਨ, ਖਾਣਾ ਬਨਾਉਣ ਦਾ ਕੰਮ ਕਰੋ ਤਾਂ ਉਹ ਵੀ ਕਰਦੇ ਹਨ । ਸਿਕਓਰਟੀਆਂ ਦੀਆਂ ਡਿਊਟੀਆਂ ਦਿੰਦੇ ਹਨ ਅਤੇ ਇਸ ਪ੍ਰਕਾਰ ਵੱਖ ਵੱਖ ਵਿਭਾਗਾਂ ਵਿੱਚ ਡਿਊਟੀ ਦੇ ਰਹੇ ਹੁੰਦੇ ਹਨ । ਬੱਚੇ ਜੱਦ  ਜਲਸੇਗਾਹ ਵਿੱਚ ਮਹਿਮਾਨਾਂ ਨੂੰ ਖ਼ਾਮੋਸ਼ੀ ਤੇ ਇਕ ਸ਼ੌਕ ਨਾਲ ਪਾਣੀ ਪਿਆ ਰਹੇ ਹੁੰਦੇ ਹਨ ਤਾਂ ਗ਼ੈਰ ਮਹਿਮਾਨ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿੰਦੇ । ਹੈਰਾਨ ਹੋਕੇ ਪੁਛੱਦੇ ਹਨ ਕਿ ਤੁਸੀਂ ਕਿਵੇਂ ਇਹਨਾਂ ਬੱਚਿਆਂ ਵਿੱਚ ਇਹ ਸੇਵਾ ਦੀ ਭਾਵਨਾ ਪੈਦਾ ਕਰ ਦਿੰਦੇ ਹੋ ।

ਸੋ, ਜਲਸੇ ਵਿੱਚ ਸ਼ਾਮਲ ਹੋਣ ਵਾਲੇ ਸਾਰਿਆਂ ਮਹਿਮਾਨਾ ਨੂੰ, ਕਾਰਕੁਨਾਂ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ ਜਿੰਨ੍ਹਾ ਵਿੱਚ ਕਈ ਅਜਿਹੇ ਹਨ ਜੋ ਜਲਸੇ ਦੇ ਪ੍ਰਬੰਧਾਂ ਲਈ ਜਲਸੇ ਤੋਂ ਪਹਿਲਾਂ ਵੀ ਕੰਮ ਕਰਦੇ ਹਨ ਅਤੇ ਬਾਦ ਵਿੱਚ ਵੀ । ਕਈ ਮਹਿਮਾਨ ਮੈਨੂੰ ਮਿਲੇ ਜਿੰਨ੍ਹਾ ਨੇ ਦੱਸਿਆ ਕਿ ਉਹਨਾਂ ਨੇ ਜਲਸੇ ਦੀ ਡਿਊਟੀ ਕਰਕੇ ਜੇਕਰ ਛੁੱਟੀ ਨਹੀਂ ਮਿਲੀ ਤਾਂ ਨੌਕਰੀਆ ਛੱਡ ਦਿੱਤੀਆਂ । ਨ ਹੀ ਇਹ ਲੋਕ ਆਪਣੀ ਨੀਂਦ ਨੂੰ ਦੇਖਦੇ ਹਨ ਅਤੇ ਨ ਹੀ ਅਰਾਮ ਨੂੰ । ਸੋ, ਪਹਿਲਾਂ ਤਾਂ ਮੈਂ ਆਪ ਸਾਰਿਆਂ ਕਾਰਕੁਨਾਂ, ਬੱਚਿਆਂ, ਮਹਿਮਾਨਾਂ, ਕੁੜੀਆਂ, ਮੁੰਡਿਆਂ, ਇਸਤਰੀਆਂ ਤੇ ਪੁਰੁਸ਼ਾਂ ਦਾ ਧੰਨਵਾਦ ਕਰਦਾ ਹਾਂ ਜਿੰਨ੍ਹਾ ਨੇ ਸਵੈ ਸੇਵੀ ਦੇ ਰੂਪ ਵਿੱਚ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਇਸ ਸੇਵਾ ਦੀ ਭਾਵਨਾ ਨਾਲ ਨਿੱਕੇ ਤੋਂ ਨਿੱਕੇ ਕੰਮ ਨੂੰ ਬਹੁਤ ਖ਼ੁਸ਼ੀ ਤੇ ਬਹੁਤ ਜ਼ਿੰਮੇਦਾਰੀ ਨਾਲ ਨਿਭਾਇਆ । ਇਹ ਕੰਮ ਵਾਸਤਵ ਵਿੱਚ ਇਕ ਖ਼ਾਮੋਸ਼ ਪ੍ਰਚਾਰ ਹੁੰਦਾ ਹੈ ਵੇਖਣ ਨੂੰ ਤਾਂ ਇਹ ਕਾਰਕੁਨ ਕੰਮ ਕਰ ਰਹੇ ਹੁੰਦੇ ਹਨ ਪਰ ਜੋ ਗ਼ੈਰ ਆਉਂਦੇ ਹਨ ਉਹਨਾਂ ਲਈ ਪ੍ਰਚਾਰ ਦਾ ਸਾਧਨ ਬਣ ਜਾਂਦੇ ਹਨ । ਕਈ ਲੋਕਾਂ ਦੀ ਹਿਦਾਇਤ ਦਾ ਸਬਬ ਬਣ ਜਾਂਦੇ ਹਨ । ਇਉਂ ਹੀ ਅਮਰੀਕਾ ਤੋਂ ਆਏ ਹੋਏ ਇਕ ਸਜੱਣ ਜੋ ਕਿ ਅਹਮਦੀ ਨਹੀਂ ਹਨ ਜੋ ਬੰਗਾਲੀ ਹਨ ਅਤੇ ਬੰਗਾਲੀ ਅਹਮਦੀਆਂ ਨਾਲ ਆਏ ਹੋਏ ਸਨ । ਸ਼ਹੀਦੁਰ ਰਹਮਾਨ ਉਹਨਾਂ ਦਾ ਨਾਂ ਹੈ ਕਹਿੰਦੇ ਹਨ ਕਿ ਜਲਸਾ ਦੇਖਣ ਦੇ ਨਾਲ ਮੈਂ ਇਸਲਾਮ ਵੱਲ ਫਿਰ ਪੱਰਤਿਆਂ ਹਾਂ । ਮੈਨੂੰ ਮੁਲਾਕਾਤ ਵਿੱਚ ਦੱਸਿਆ ਕਿ ਜਲਸੇ ਨੇ ਉਹਨਾਂ'ਤੇ ਬਹੁਤ ਡੂੰਘਾ ਪ੍ਰਭਾਵ ਕੀਤਾ ਹੈ ਅਤੇ ਇੰਸ਼ਾਅਲੱਾਹ ਉਹ ਬਹੁਤ ਛੇਤੀ ਜਮਾਤ ਵਿੱਚ ਦਾਖ਼ਲ ਹੋ ਜਾਣਗੇ, ਸੋ, ਇਸ ਪ੍ਰਕਾਰ ਜਲਸੇ ਰਾਹੀਂ ਪ੍ਰਚਾਰ ਹੁੰਦਾ ਹੈ ।

ਡੈਫ ਸ਼ੋਲਡੇ ਏਥੋਂ ਦੇ ਮੈਂਬਰ ਪਾਰਲੀਮੈਂਟ ਹਨ ਕਹਿੰਦੇ ਹਨ ਕਿ ਹਮੇਸ਼ਾ ਵਾਂਗ ਮੈਂ ਅੱਜ ਵੀ ਬਹੁਤ ਪ੍ਰਭਾਵਤ ਹੋਇਆ ਹਾਂ । ਜਲਸੇ ਉਪੱਰ ਐਨ੍ਹੇ ਸਵੈ ਸੇਵੀ ਦਿਖਾਈ ਦਿੰਦੇ ਹਨ ਜੋ ਇਸ ਜਲਸੇ ਨੂੰ ਅਤਿਅੰਤ ਵਿਵਸਥਤ ਢੰਗ ਨਾਲ ਚਲਾ ਰਹੇ ਹਨ । ਜਲਸੇ ਦਾ ਵਿਵਸਥਤ ਢੰਗ ਨਾਲ ਚਲਣਾ ਸਵੈ ਸੇਵੀਆਂ ਦੀ ਅਣਥਕ ਘਾਲਣਾ ਦਾ ਸਿਟੱਾ ਹੈ । ਸੋ, ਇਹ ਸਵੈਸੇਵੀ ਕਾਰਕੁਨ ਬਹੁਤ ਪ੍ਰਭਾਵ ਪਾ ਰਹੇ ਹੁੰਦੇ ਹਨ ਇਸ ਪੱਖੋਂ ਸਾਰਿਆਂ ਕਾਰਕੁਨਾ ਦਾ ਧੰਨਵਾਦ ਕਰਨਾ ਚਾਹੀਦਾ ਹੈ । ਜਿੱਥੇ ਉਹ ਮਹਿਮਾਨਾ ਦੀ ਸੇਵਾ ਨਿਰੋਲ ਹੋਕੇ ਕਰਦੇ ਹਨ ਓਥੇ ਇਕ ਖਾਮੋਸ਼ ਮੁਬੱਲਗ਼ ਬਣ ਕੇ ਅਹਮਦੀਅਤ ਦਾ ਸੰਦੇਸ਼ ਵੀ ਪਹੁੰਚਾ ਰਹੇ ਹੁੰਦੇ ਹਨ । ਅਲੱਾਹ ਤਆਲਾ ਇਹਨਾਂ ਸਾਰਿਆਂ ਕਾਰਕੁਨਾਂ ਦੀ ਸੇਵਾ ਦੀ ਭਾਵਨਾ ਨੂੰ ਹਮੇਸ਼ਾ ਵਧਾਉਂਦਾ ਰਹੇ ਅਤੇ ਇਹਨਾਂ ਨੂੰ ਇਸ ਸੇਵਾ ਦਾ ਵੱਧੀਆ ਵਟਾਂਦਰਾ (ਪ੍ਰਤੀਫਲ) ਵੀ ਪ੍ਰਦਾਨ ਕਰੇ ।

ਇਸੇ ਪ੍ਰਕਾਰ ਐਮ.ਟੀ.ਏ. ਦੇ ਕਾਰਕੁਨ ਹਨ, ਦੁਨੀਆਂ ਵਿੱਚ ਰਹਿਣ ਵਾਲੇ ਅਹਮਦੀਆਂ ਨੂੰ ਵੀ ਇਹਨਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਸਾਰਿਆਂ ਨੇ ਇਕ ਜਤਨ ਰਾਹੀਂ ਜਲਸੇ ਦੇ ਤਿੰਨੇ ਦਿਨ ਬਹੁਤ ਕਰੜੀ ਮਿਹਨਤ ਨਾਲ ਜਲਸੇ ਦੇ ਲਾਈਵ ਪ੍ਰੋਗਰਾਮ ਦਿਖਾਉਣ ਦਾ ਪ੍ਰਬੰਧ ਕੀਤਾ ਹੈ ।

ਹਰ ਇਕ ਵਿਭਾਗ ਦੇ ਕਾਰਕੁਨਾਂ ਨੇ ਆਪਣੇ ਆਪਣੇ ਵਿਭਾਗ ਵਿੱਚ ਜੋ ਕੰਮ ਕੀਤੇ ਹਨ ਉਹਨਾਂ ਦਾ ਜਮਾਤ ਦੇ ਲੋਕਾਂ ਨੂੰ ਧੰਨਵਾਦੀ ਹੋਣਾ ਚਾਹੀਦਾ ਹੈ । ਇਸੇ ਪ੍ਰਕਾਰ ਕਾਕੁਨਾਂ ਨੂੰ ਵੀ ਸ਼ੁਕਰਗੁਜ਼ਾਰ ਹੋਣਾ ਚਾਹੀਦਾਹੈ ਕਿ ਰੱਬ ਨੇ ਉਹਨਾਂ ਨੂੰ ਸੇਵਾ ਦਾ ਮੌਕਾ ਪ੍ਰਦਾਨ ਕੀਤਾ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਤੁਸੀਂ ਸ਼ੁਕਰਗੁਜ਼ਾਰ ਬਣੋ ਮੈਂ ਤੁਹਾਡੀਆਂ ਸਮਰਥਾਵਾਂ ਤੇ ਯੋਗਤਾਵਾਂ ਨੂੰ ਵਧਾਵਾਂਗਾ ਅਤੇ ਆਪਣੀ ਬਾਕੀ ਨੇਮਤਾਂ ਵੀ ਦਿਆਂਗਾ । ਰੱਬ ਜੱਦ 'ਅਜ਼ੀਦਨੱਾਕੁਮ' ਕਹਿੰਦਾ ਹੈ ਤਾਂ ਕਿਸੇ ਗੱਲ ਨੂੰ ਸੀਮਤ ਨਹੀਂ ਰਖੱਦਾ । ਰੱਬ ਨਵਾਜ਼ਦਾ ਹੈ ਤਾਂ ਅਤਿਅੰਤ ਨਵਾਜ਼ਦਾ ਹੈ ਅਤੇ ਹਰ ਪੱਖੋਂ ਨਵਾਜ਼ਦਾ ਹੈ । ਸੋ, ਮੋਮਿਨਾ ਦਾ ਇਹੋ ਢੰਗ ਹੈ ਕਿ ਹਰ ਸਫ਼ਲਤਾ'ਤੇ ਹਰ ਚੰਗੀ ਗੱਲ'ਤੇ ਰੱਬ ਦੇ ਸ਼ੁਕਰਗੁਜ਼ਾਰ ਬਣੀਏ ਅਤੇ ਜਿੱਥੇ ਕਮਜ਼ੋਰੀਆਂ ਦੇਖੋ ਓਥੇ ਰੱਬ ਤੋਂ ਰਹਿਮ ਮੰਗੋ ਅਤੇ ਇਸਤਗ਼ਫ਼ਾਰ ਕਰੋ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਪਹਿਲਾਂ ਕੁਝ ਆਪਣੇ ਅਹਮਦੀ ਸਜੱਣਾ ਦਾ ਜੋ ਸੀਰੀਅਨ ਅਰਬ ਹਨ, ਉਹਨਾਂ ਦੇ ਤਾਸੁਰਾਤ (ਪ੍ਰਭਾਵ) ਵਰਨਣ ਕਰਦਾ ਹਾਂ । ਇਕ ਅਹਮਦੀ ਦੋਸਤ ਅਹਮਦ ਦਰਵੇਸ਼ ਸਾਹਬ ਕਹਿੰਦੇ ਹਨ ਕਿ ਇਹ ਮੇਰਾ ਪਹਿਲਾ ਜਲਸਾ ਸੀ ਕਹਿੰਦੇ ਹਨ ਜੱਦ ਮੈਂ ਜਲਸੇ ਵਿੱਚ ਦਾਖ਼ਲ ਹੋਇਆਂ ਅਤੇ ਖ਼ਲੀਫ਼ਾ ਦੀ ਮੌਜੂਦਗੀ ਦੇਖੀ ਤਾਂ ਮੈਂਨੂੰ ਲਗੱਾ ਕਿ ਮੈਂ ਇਸਲਾਮ ਵਿੱਚ ਦਾਖ਼ਲ ਹੋਇਆ ਹਾਂ । ਕਹਿੰਦੇ ਹਨ ਕਿ ਮੇਰੇ ਜੀਵਨ ਵਿੱਚ ਸਭ ਤੋਂ ਵੱਡੀ ਤਬਦੀਲੀ ਆਈ ਹੈ ਅਤੇ ਉਹ ਇਹ ਹੈ ਕਿ ਮੇਰੀ ਨਮਾਜ਼ ਇਲਾਹੀ ਖ਼ੌਫ਼ ਤੇ ਵਿਨਮ੍ਰਤਾ ਨਾਲ ਭਰ ਗਈ ਹੈ । ਸੋ, ਇਹ ਤਬਦੀਲੀ ਜੋ ਹੈ ਹਰ ਅਹਮਦੀ ਵਿੱਚ ਜਲਸੇ ਵਿੱਚ ਸ਼ਾਮਲ ਹੋਣ ਦੇ ਬਾਦ ਆਉਂਣੀ ਚਾਹੀਦੀ ਹੈ ਕੇਵਲ ਕੁਝ ਦਿਨਾਂ ਲਈ ਨਹੀਂ ਸਗੋਂ ਹਮੇਸ਼ਾ ਲਈ ।

ਇਸੇ ਪ੍ਰਕਾਰ ਇਕ ਸੀਰੀਅਨ ਅਹਮਦੀ ਅਲਹਾਜ ਅਬਦੁਲੱਾਹ ਸਾਹਬ ਕਹਿੰਦੇ ਹਨ ਕਿ ਜਲਸਾ ਸਾਲਾਨਾ ਦੇ ਤਿੰਨ ਦਿਨ ਅਜਿਹੇ ਸਨ ਜਿੰਨ੍ਹਾ ਨੂੰ ਜੀਵਨ ਭਰ ਭੁਲਾਇਆ ਨਹੀਂ ਜਾ ਸਕਦਾ । ਦੁਨੀਆ ਦੀ ਸਭ ਤੋਂ ਉਤੱਮ ਜਮਾਤ ਦੇ ਹਜ਼ਾਰਾਂ ਹੀ ਲੋਕ ਕੈਨੇਡਾ ਵਿੱਚ ਇਸ ਦੌਰ ਵਿੱਚ ਚੰਗੀ ਵਿਵਸਥਾ ਨਾਲ ਇਕੱਤਰ ਹੋਏ ਸਨ । ਫਿਰ ਕਹਿੰਦੇ ਹਨ ਜਲਸੇ ਦੇ ਪ੍ਰਬੰਧ ਤੇ ਸਵਾਗਤ ਹਰ ਲੋੜੀਂਦੀ ਚੀਜ਼ ਦੀ ਖੁੱਲਡੁਲ ਇੱਥੋਂ ਤੱਕ ਕਿ ਬੱਚਿਆਂ ਦੀ ਉਛਲਕੂਦ ਨੂੰ ਵੀ ਸਾਹਮਣੇ ਰਖੱਦਿਆਂ ਹੋਇਆਂ ਪ੍ਰਬੰਧ ਕਰਨਾ ਅਸਾਧਾਰਣ ਸੀ । ਜਲਸੇ ਦਾ ਵਾਤਾਵਰਣ ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਨਾਲ ਭਰਪੂਰ ਸੀ । ਹਜ਼ਾਰਾਂ ਲੋਕਾਂ ਨੂੰ ਬੁਲਾਉਣਾ ਅਤੇ ਉਹਨਾਂ ਦੇ ਪਰਿਵਹਿਨ ਤੇ ਖਾਣ ਪੀਣ ਦੇ ਪ੍ਰਬੰਧ ਕਰਨਾ ਆਪਣੇ ਆਪ ਵਿੱਚ ਅਸਾਧਾਰਣ ਕੰਮ ਹੈ । ਫਿਰ ਕਹਿੰਦੇ ਹਨ ਖ਼ਿਤਾਬ ਅਤੇ ਉਹਨਾਂ ਦੇ ਅਨੁਵਾਦ ਬਹੁਤ ਚੰਗੇ ਸਨ । ਕਹਿੰਦੇ ਹਨ ਮੈਂ ਇਕ ਪਤੱਰਕਾਰਾਂ ਦੀ ਟੀਮ ਅਤੇ ਇਕ ਮੁਸਲਮਾਨ ਨੂੰ ਫ਼ੈਮਲੀ ਨੂੰ ਦਾਵਤ ਦਿੱਤੀ ਸੀ, ਉਹ ਸਾਰੇ ਜਲਸੇ ਦੇ ਸੋਹਣੇ ਪ੍ਰਬੰਧ ਨੂੰ ਦੇਖ ਕੇ ਹੈਰਾਨ ਰਹਿ ਗਏ ਅਤੇ ਉਹਨਾਂ ਨੇ ਵਿਸ਼ੇਸ਼ ਰੂਪ ਵਿੱਚ ਜੋ ਮੇਰਾ ਅਖੀਰਲੇ ਦਿਨ ਦਾ ਖ਼ਿਤਾਬ (ਭਾਸ਼ਣ) ਸੀ ਉਸ ਨੂੰ ਬਹੁਤ ਪਸੰਦ ਕੀਤਾ ਅਤੇ ਅਹਮਦੀਆਂ ਦਾ ਆਪਣੇ ਇਮਾਮ ਲਈ ਪ੍ਰੇਮ ਹੈਰਾਨੀ ਭਰਪੂਰ ਸੀ ।

ਇਸੇ ਪ੍ਰਕਾਰ ਅਬਦੁਲ ਕਾਦਰ ਸਾਹਬ ਕਹਿੰਦੇ ਹਨ ਕਿ ਮੈਂ ਪਹਿਲੀ ਵਾਰ ਦੇਖਿਆ ਕਿ ਜਲਸੇ ਦਾ ਕਿੰਨ੍ਹਾ ਵੱਡਾ ਕੰਮ ਹੁੰਦਾ ਹੈ ਅਤੇ ਕਿਵੇਂ ਹਰ ਕਾਰਕੁਨ ਆਪਣੇ ਵਿਭਾਗ ਵਿੱਚ ਸ਼ਹਿਦ ਦੀ ਮੱਖੀ ਵਾਂਗ ਬਿਨਾਂ ਕਿਸੇ ਸ਼ੋਰ ਸ਼ਰਾਬੇ ਦੇ ਕੰਮ ਕਰਦਾ ਜਾਂਦਾ ਹੈ । ਹਰ ਇਕ ਚਾਹੁੰਦਾ ਹੈ ਕਿ ਉਸ ਨੂੰ ਸੇਵਾ ਦਾ ਮੌਕਾ ਦਿੱਤਾ ਜਾਵੇ ਵਿਸ਼ੇਸ਼ ਕਰਕੇ ਜੱਦ ਉਹਨਾਂ ਨੂੰ ਪਤਾ ਲਗੱਦਾ ਹੈ ਕਿ ਮੈਂ ਅਰਬੀ ਹਾਂ ਤਾਂ ਮੇਰੇ ਨਾਲ ਅਸਾਧਾਰਣ ਰੂਪ ਵਿੱਚ ਨਿਮਰਤਾ ਨਾਲ ਪੇਸ਼ ਆਉਂਦੇ ਸਨ ।

ਫਿਰ ਸਲਮਾ ਜਬੂਲੀ ਸਾਹਿਬਾ ਵਰਨਣ ਕਰਦੀ ਹਨ ਕਿ ਵਿਵਸਥਾ ਤੇ ਪ੍ਰਬੰਧ ਨੂੰ ਦੇਖ ਕੇ ਇਹ ਕਿਹਾ ਜਾ ਸਕਦਾ ਹੈ ਜਮਾਤ ਇਕ ਸ਼ਰੀਰ ਵਾਂਗ ਸੰਜੁਕਤ ਤੇ ਇਕ ਦੂਜੇ ਦੇ ਸਹਿਯੋਗ ਨਾਲ ਸੁਸੱਜਿਤ ਹੈ । ਜਲਸੇ ਵਿੱਚ ਵੱਖ ਵੱਖ ਦੇਸ਼ਾਂ ਵੱਖ ਵੱਖ ਕੌਮਾ ਤੇ ਜਾਤੀਆਂ ਵੱਖ ਵੱਖ ਰੰਗ ਤੇ ਰੂਪਾਂ ਦੇ ਲੋਕ ਮਿਲਕੇ ਕੇਵਲ ਇਕ ਟੀਚੇ ਲਈ ਕੰਮ ਕਰ ਰਾਹੇ ਸਨ ਅਤੇ ਉਹ ਇਹ ਕਿ ਇਸਲਾਮ ਤੇ ਅਮਨ ਦਾ ਸੰਦੇਸ਼ ਦੁਨੀਆ ਤੱਕ ਪਹੁੰਚ ਜਾਵੇ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਇਹ ਕੁਝ ਅਹਮਦੀ ਲੋਕਾਂ ਦੇ ਪ੍ਰਭਾਵ ਸਨ ਜੋ ਮੈਂ ਵਰਨਣ ਕੀਤੇ, ਨਵੇਂ ਵੀ ਅਤੇ ਪੁਰਾਣੇ ਵੀ । ਫ਼ਰਮਾਇਆ ਹੋਰਨਾ ਦੇ ਵੀ ਪ੍ਰਭਾਵ ਹਨ ਜੋ ਮੈਂ ਵਰਨਣ ਕਰਦਾ ਹਾਂ :

ਜਰਮਨ ਕੌਂਸਲੀਯਟ ਏਥੇ ਆਏ ਸਨ, ਮੇਰੇ ਬਾਰੇ ਕਹਿੰਦੇ ਹਨ ਕਿ ਅੰਤਮ ਖ਼ਿਤਾਬ (ਭਾਸ਼ਣ) ਵਿੱਚ ਬਹੁਤ ਹੀ ਵਾਸਤਵਿਕ ਇਸਲਾਮ ਨੂੰ ਪੇਸ਼ ਕੀਤਾ, ਜੋ ਅਮਨ ਤੇ ਇੰਸਾਫ਼ ਅਤੇ ਪ੍ਰੇਮ ਦੀ ਸਿੱਖਿਆ ਦਿੰਦਾ ਹੈ ਅਤੇ ਹਰ ਇਕ ਸ਼ਬਦ ਵਿੱਚ ਇਕ ਵਾਸਤਵਿਕਤਾ ਦਿਖਾਈ ਦੇ ਰਹੀ ਸੀ ਕਾਸ਼ ਦੁਨੀਆ ਦਾ ਮੀਡੀਆ ਜਿੰਨ੍ਹਾ ਸਮਾਂ ਇਰਾਕ ਦੇ ਬਗ਼ਦਾਦੀ ਅਤੇ ਆਈ ਐਸ ਆਈ ਐਸ (ISIS) ਦੇ ਪ੍ਰਾਪੇਗੰਡੇ ਨੂੰ ਦਿੰਦਾ ਹੈ ਜੇਕਰ ਅਮਨ ਦੇ ਇਸ ਸਫ਼ੀਰ (ਦੂਤ) ਨੂੰ ਦੇਵੇ ਤਾਂ ਦੁਨੀਆ ਵਿੱਚ ਹਕੀਕੀ ਅਮਨ ਕਾਇਮ ਹੋ ਜਾਵੇ । ਫਿਰ ਕਹਿੰਦੇ ਹਨ ਕਿ ਹਰ ਇਕ ਵਾਕ ਉਹਨਾਂ ਦਾ ਸਚੱਾਈ ਉਪੱਰ ਅਧਾਰਤ ਸੀ ਅਤੇ ਦੁਨੀਆ ਦੇ ਅਮਨ ਦੀ ਸਥਾਪਨਾ ਲਈ ਇਕ ਪੀੜ੍ਹਾ ਸੀ । ਕਹਿੰਦੇ ਹਨ ਮੈਂ ਵੀ ਇਸ ਸੰਦੇਸ਼ ਨੂੰ ਜਿੱਥੋਂ ਤੱਕ ਮੇਰੇ ਲਈ ਸੰਭਵ ਹੋਇਆ ਅੱਗੇ ਫੈਲਾਵਾਂਗਾ ।

ਚਰਚ ਨਾਲ ਸੰਬੰਧ ਰਖੱਣ ਵਾਲੇ ਇਕ ਮਹਿਮਾਨ ਆਏ ਹੋਏ ਸਨ ਕਹਿੰਦੇ ਹਨ ਕਿ ਅੱਜ ਮੇਰਾ ਦਿਲ ਬਹੁਤ ਖ਼ੁਸ਼ ਹੈ ਕਿ ਖ਼ਲੀਫ਼ਾਤੁਲ ਮਸੀਹ ਨੇ ਆਪਣੇ ਭਾਸ਼ਣ ਵਿੱਚ ਅਮਨ ਸਲਾਮਤੀ ਬਾਰੇ ਦੱਸਿਆ ਹੈ । ਹੁਣ ਜ਼ਰੂਰੀ ਹੈ ਕਿ ਲੋਕ ਜਮਾਤ ਅਹਮਦੀਆ ਨੂੰ ਪਛਾਨਣ । ਜੋ ਕੰਮ ਜਮਾਤ ਅਹਮਦੀਆ ਕਰ ਰਹੀ ਹੈ ਉਸ ਦੀ ਜਾਨਕਾਰੀ ਲੋਕਾਂ ਨੂੰ ਹੋਵੇ । ਮੁਸਲਮਾਨ ਉਹ ਨਹੀਂ ਜੋ ਮੀਡੀਆ ਲੋਕਾਂ ਨੂੰ ਦਸੱਦਾ ਹੈ । ਇਸਲਾਮ ਦੀ ਹਕੀਕੀ ਸਿੱਖਿਆ ਤਾਂ ਬਹੁਤ ਅਮਨ ਭਰਪੂਰ ਹੈ ।

ਬੈਲੀਸ ਤੋਂ ਆਏ ਹੋਏ ਓਥੋਂ ਦੇ ਮੇਅਰ ਜੋ ਯੂ.ਕੇ. ਵਿੱਚ ਵੀ ਆ ਚੁਕੇ ਹਨ ਕਹਿੰਦੇ ਹਨ ਕਿ ਖ਼ਲੀਫ਼ਾ ਦੇ ਖ਼ਿਤਾਬ (ਭਾਸ਼ਣ) ਨੇ ਮੇਰੇ ਉਪੱਰ ਬਹੁਤ ਡੂੰਘਾ ਪ੍ਰਭਾਵ ਛੱਡਿਆ ਹੈ । ਜਿਸ ਪ੍ਰਕਾਰ ਖ਼ਲੀਫ਼ਾ ਸਾਹਬ ਨੇ ਅੰਤਰ ਰਾਸ਼ਟਰੀ ਮਾਮਾਲਿਆਂ ਉਪੱਰ ਪ੍ਰਕਾਸ਼ ਪਾਇਆ ਹੈ, ਉਸ ਤੋਂ ਮੈਂਨੂੰ ਜਾਣਕਾਰੀ ਹੋਈ ਕਿ ਖ਼ਲੀਫ਼ਾ ਸਾਹਬ ਨ ਕੇਵਲ ਅਹਮਦੀਆਂ ਲਈ ਹਿਦਾਇਤ ਦਾ ਸਬਬ ਹਨ ਸਗੋਂ ਸਾਰੀ ਦੁਨੀਆ ਲਈ ਹਿਦਾਇਤ ਦਾ ਸਾਧਨ ਬਣ ਸਕਦੇ ਹਨ । ਖ਼ਲੀਫ਼ਾਤੁਲ ਮਸੀਹ ਨੇ ਜੋ ਗੱਲਾਂ ਆਪਣੇ ਖ਼ਿਤਾਬ ਵਿੱਚ ਵਰਨਣ ਕੀਤੀਆਂ ਹਨ ਮੈਂ ਉਹਨਾਂ ਨੂੰ ਕਦੇ ਵੀ ਭੁੱਲ ਨਹੀਂ ਸਕਾਂਗਾ ।

ਬ੍ਰਹਮਟਨ ਤੋਂ ਆਏ ਹੋਏ ਇਕ ਮਹਿਮਾਨ ਕਹਿੰਦੇ ਹਨ ਕਿ ਜਲਸੇ ਵਿੱਚ ਮੈਂਨੂੰ ਕੇਵਲ ਇਕ ਸੰਦੇਸ਼ ਮਿਲਿਆ ਹੈ ਕਿ ਅਮਨ ਕਾਇਮ ਕਰੋ ।

ਫਿਰ ਇਕ ਮਹਿਮਾਨ ਹਨ, ਉਹਨਾਂ ਨੇ ਮੇਰਾ ਜਲਸੇ ਦਾ ਅੰਤਮ ਭਾਸ਼ਣ ਸੁਣਿਆਂ ਅਤੇ ਕਹਿੰਦੇ ਹਨ ਕਿ ਇਹ ਹੈਰਾਨੀ ਭਰਪੂਰ ਸੀ । ਮੇਰੇ ਕੋਲ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਸ਼ਬਦ ਨਹੀਂ ਹਨ ।

ਇਕ ਇਸਤਰੀ ਮੈਂਬਰ ਪਾਰਲੀਮੈਂਟ ਹਨ ਯਾਸਮੀਨ ਅਤਨਸੀ ਸਾਹਿਬਾ, ਕਹਿੰਦੀ ਹਨ ਕਿ ਖ਼ਲੀਫ਼ਾ ਦਾ ਸੰਦੇਸ਼ ਇਸਤਰੀਆਂ ਨੂੰ ਸੰਬੋਧਨ ਬਹੁਤ ਚੰਗਾ ਲਗੱਾ ਵਿਸ਼ੇਸ਼ ਰੂਪ ਵਿੱਚ ਇਕ ਗੱਲ ਕਿ ਇਕ ਮਾਂ ਪੂਰੇ ਪਰਿਵਾਰ ਲਈ ਬੁਨਿਯਾਦ ਦੇ ਰੂਪ ਵਿੱਚ ਹੁੰਦੀ ਹੈ ਅਤੇ ਸਾਰੇ ਸਮਾਜ ਨੂੰ ਮਜ਼ਬੂਤ ਬਣਾਉਂਦੀ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਜਲਸਾ ਸਾਲਾਨਾ ਉਪੱਰ ਜੋ ਵੀ ਮਹਿਮਾਨ ਆਉਂਦੇ ਹਨ, ਰੱਬ ਦੀ ਮਿਹਰ ਨਾਲ ਬਹੁਤ ਚੰਗਾ ਪ੍ਰਭਾਵ ਲੈਕੇ ਜਾਂਦੇ ਹਨ । ਬਹਿਰਹਾਲ, ਜਲਸਾ ਸਾਲਾਨਾਂ ਜਿੱਥੇ ਆਪਣਿਆਂ ਲਈ ਰੂਹਾਨੀ ਚੰਗਿਆਈ ਦੇ ਸਾਮਾਨ ਪੈਦਾ ਕਰਦਾ ਹੈ ਓਥੇ ਹੋਰਨਾ ਲਈ ਵੀ ਜਮਾਤ ਦੀ ਜਾਣਪਛਾਣ ਤੇ ਸੰਬੰਧਾ ਦਾ ਸਾਧਣ ਬਣਦਾ ਹੈ । ਇਸਲਾਮ ਦਾ ਹਕੀਕੀ ਚਿਤੱਰ ਦੁਨੀਆ ਨੂੰ ਪਤਾ ਲਗੱਣਾ ਚਾਹੀਦਾ ਹੈ । ਬੀਤੇ ਕੁਝ ਸਮੇਂ ਤੋਂ ਮੁਸਲਮਾਨ ਦੇਸ਼ਾਂ ਦੇ ਹਾਲਾਤ ਤੇ ਇਸ ਦੇ ਸਬਬ ਦੁਨੀਆ ਦੇ ਹਾਲਾਤ ਜੋ ਸਾਹਮਣੇ ਆ ਰਹੇ ਹਨ, ਉਸ ਨੇ ਮੀਡੀਆ ਦੀ ਨਜ਼ਰ ਵੀ ਜਮਾਤ ਅਹਮਦੀਆ ਵੱਲ ਫੇਰੀ ਹੈ । ਰੱਬ ਦੀ ਮਿਹਰ ਹੈ ਕਿ ਉਸ ਨੇ ਇਸ ਵੱਲ ਲੋਕਾਂ ਦਾ

ਧਿਆਨ ਦੁਆਇਆ ਕਿਉਂਕਿ ਪਹਿਲਾਂ ਤਾਂ ਕਹਿਣ ਦੇ ਬਾਦ ਵੀ ਇਹ ਲੋਕ ਨਹੀਂ ਆਉਂਦੇ ਸਨ ਪਰ ਇਸ ਦੇ ਬਾਦ ਸਾਡੇ ਨੌਜੁਆਨ ਜੋ ਹਨ ਉਹਨਾਂ ਦਾ ਵੀ ਬਹੁਤ ਵਡੱਾ ਕਿਰਦਾਰ ਹੈ ਜਿੰਨ੍ਹਾ ਨੇ ਮੀਡੀਆ ਨਾਲ ਸੰਬੰਧ ਬਣਾਏ ਅਤੇ ਰੱਬ ਦੀ ਮਿਹਰ ਨਾਲ ਵੱਡੇ ਪਧੱਰ'ਤੇ ਰਾਬਤੇ ਕੀਤੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਖ਼ਬਾਰ, ਰੇਡੀਓ ਅਤੇ ਟੀ.ਵੀ. ਚੈਨਲਜ਼ ਦੇ ਕੁਝ ਲੋਕ ਪਹਿਲੇ ਦਿਨ ਜੋ ਜਲਸੇ ਦਾ ਪਹਿਲਾ ਦਿਨ ਸੀ ਜੁਮਏ ਨੂੰ ਆਏ ਹੋਏ ਸਨ ਇਕ ਛੋਟੀ ਜਿਹੀ ਪ੍ਰੈਸ ਕਾਂਫ੍ਰੈਂਸ ਵੀ ਸੀ ਜਾਂ ਇੰਟਰਵੀਊ ਲਿਆ ਉਹਨਾਂ ਨੇ, ਉਸ ਦੀ ਵੀ ਚੰਗੀ ਕਵਰੈਜ ਹੋਈ ਹੈ ਅਤੇ ਜਮਾਤ ਦਾ ਪਰੀਚੈ ਹੋਇਆ ਹੈ ਇਸਲਾਮ ਦੀ ਹਕੀਕੀ ਸਿੱਖਿਆ ਦੱਸੀ ਗਈ ਹੈ । ਉਹਨਾਂ ਨੂੰ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸੰਦੇਸ਼ ਪਹੁੰਚਾਇਆ । ਮੇਰਾ ਤਾਂ ਇਹ ਜਤਨ ਹੁੰਦਾ ਹੈ ਕਿ ਜਿਵੇਂ ਵੀ ਹੋਵੇ ਵਰਤਮਾਨ ਸਿਥਿਤੀ ਉਪੱਰ ਗੱਲ ਹੋਵੇ ਜਾਂ ਕਿਸੇ ਗੱਲ'ਤੇ ਜਮਾਤ ਅਹਮਦੀਆ ਉਪੱਰ ਉਸ ਨੂੰ ਕਿਸੇ ਪ੍ਰਕਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪੇਸ਼ਗੋਈਆਂ ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਨਾਲ ਜੋੜਾਂ ਤਾਂ ਜੋ ਇਸ ਦੀ ਹਕੀਕਤ ਉਹਨਾਂ ਲੋਕਾਂ ਨੂੰ ਪਤਾ ਲੱਗੇ ।

ਫ਼ਰਮਾਇਆ : ਬਹਿਰਹਾਲ, ਮੀਡੀਆ ਨੇ ਜੋ ਜਲਸੇ ਦੀ ਕਵਰੈਜ ਦਿੱਤੀ ਹੈ ਉਸ ਦਾ ਸਾਰ ਇਹ ਹੈ ਕਿ ਜੇਕਰ ਬਹੁਤ ਸਾਵਧਾਨੀ ਨਾਲ ਅੰਦਾਜ਼ਾ ਲਾਇਆ ਜਾਵੇ ਤਾਂ ਘੱਟੋ ਘੱਟ ਦੱਸ ਮਿਲਯਨ ਤੱਕ ਤਾਂ ਇਹ ਇਸ ਜਲਸੇ ਦੇ ਪੱਖੋਂ ਜਮਾਤ ਦਾ ਪਰੀਚੈ ਤੇ ਸੰਦੇਸ਼ ਪਹੁੰਚਿਆ ਹੋਵੇਗਾ । ਜੋ ਖ਼ਬਰਾ ਮੈਂ ਦੇਖੀਆਂ ਜਾ ਸੁਣੀਆਂ ਹਨ ਮੀਡੀਆ ਰਾਹੀਂ, ਉਸ'ਤੇ ਉਹਨਾਂ ਨੇ ਬਹੁਤ ਈਮਾਨਦਾਰੀ ਨਾਲ ਖ਼ਬਰ ਦਿੱਤੀ ਹੈ, ਜਮਾਤ ਦੀ ਖ਼ਬਰ ਦਿੱਤੀ ਹੈ ਜਲਸੇ ਦੀ ਖ਼ਬਰ ਦਿੱਤੀ ਹੈ ਸਾਡੀ ਸਿੱਖਿਆ ਦੀ ਖ਼ਬਰ ਦਿੱਤੀ ਹੈ ।

ਸੋ, ਇਹ ਤਾਂ ਰੱਬ ਦਾ ਕੰਮ ਹੈ ਜੋ ਉਹ ਕਰ ਰਿਹਾ ਹੈ ਅਤੇ ਜਮਾਤ ਦੇ ਪਰੀਚੈ ਫੈਲ ਰਿਹਾ ਹੈ ਪਰ ਨਾਲ ਹੀ ਸਾਡਾ ਧਿਆਨ ਵੀ ਇਸ ਵੱਲ ਫੇਰਦਾ ਹੈ ਕਿ ਅਸੀਂ ਕੇਵਲ ਇਹਨਾਂ ਹੀ ਗੱਲਾਂ'ਤੇ ਖ਼ੁਸ਼ ਨ ਹੋ ਜਾਈਏ ਸਗੋਂ ਆਪਣੀ ਰੂਹਾਨੀ ਅਵਸਥਾ ਤੇ ਰੱਬ ਨਾਲ ਸੰਬੰਧ ਹੋਰ ਵਧਾਈਏ । ਹਰ ਉਸ ਗੱਲ ਨੂੰ ਬੁਰਾ ਮਨਾਈਏ ਜਿਸ ਨੂੰ ਰੱਬ ਨੇ ਬੁਰਾ ਕਿਹਾ ਹੈ ਅਤੇ ਹਰ ਉਸ ਗੱਲ'ਤੇ ਅਮਲ ਕਰੀਏ ਜਿਸ ਦੇ ਕਰਨ ਦਾ ਰੱਬ ਨੇ ਆਦੇਸ਼ ਦਿਤੱਾ ਹੈ । ਜੇਕਰ ਰੱਬ, ਸੇਵਾ ਦਾ ਮੌਕਾ ਦੇ ਰਿਹਾ ਹੈ ਤਾਂ ਉਸ ਨੂੰ ਫ਼ਜ਼ਲੇ ਇਲਾਹੀ ਜਾਣੋ (ਰੱਬ ਦੀ ਮਿਹਰ ਸਮਝੋ) ਅਤੇ ਸਾਰੇ ਅਹੁਦੇਦਾਰ ਵੀ ਅਤੇ ਸੇਵਾ ਕਰਨ ਵਾਲੇ ਵੀ ਆਪਣੇ ਕਰਤਵਾਂ ਨੂੰ ਸੰਜਮਤਾ ਸਾਲ ਨੇਪਰੇ ਚਾੜ੍ਹਨ ਦਾ ਜਤਨ ਕਰਨ ਅਤੇ ਸਾਰੇ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਅਤੇ ਸੁਨਣ ਵਾਲੇ ਵੀ ਆਪਣੇ ਜਾਇਜ਼ੇ ਲੈਂਣ ਕਿ ਕੀ ਅਸੀਂ ਜੋ ਜਲਸਾ ਸੁਣਿਆ ਹੈ ਉਸ ਨੂੰ ਅਪਣਾਇਆ ਹੋਇਆ ਹੈ, ਜੀਵਨ ਦਾ ਹਿਸੱਾ ਬਨਾਉਣ ਦਾ ਜਤਨ ਕਰ ਰਹੇ ਹਨ । ? ਅਤੇ ਇਹ ਵੀ ਜਾਇਜ਼ਾ ਲੈਂਣ ਕਿ ਕਿਵੇਂ ਨੇਕ ਗੱਲਾਂ ਨੂੰ ਹਮੇਸ਼ਾ ਲਈ ਅਪਣਾਈ ਰਖੱਣਾ ਹੈ ਅਤੇ ਉਸ ਲਈ ਜਤਨ ਕਰਦੇ ਰਹਿਣਾ ਹੈ । ਅਲੱਾਹ ਤਆਲਾ ਇਹਨਾਂ ਗਲੱਾਂ ਉਪੱਰ ਅਮਲ ਕਰਨ ਦੀ ਹਰ ਅਹਮਦੀ ਨੂੰ ਤੋਫ਼ੀਕ ਪ੍ਰਦਾਨ ਕਰੇ ਜੋ ਹਕੀਕੀਤ ਵਿੱਚ ਰੱਬ ਨੂੰ ਪਛਾਨਣ ਵਾਲੇ ਹਨ ਅਤੇ ਉਸ ਨਾਲ ਸੰਬੰਧ ਜੋੜਨ ਵਾਲੇ ਹਨ ।

**Khulasa Khutba Jumma 14.10.2016**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131